ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ।

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਸਟੈਨੋ/ਜਿਸਿਅ/2016-347
ਮਿਤੀ :- 10-02-2016

ਵਿਸ਼ਾ ਵੱਖ-ਵੱਖ ਪ੍ਰੀਖਿਆ ਵਿੱਚ ਲੱਗੀਆਂ ਡਿਊਟੀਆਂ ਤੇ ਤਾਇਨਾਤ ਕਰਮਚਾਰੀਆਂ ਨੂੰ ਫਾਰਗ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਦੱਸਿਆ ਜਾਂਦਾ ਹੈ ਕਿ ਇਸ ਮਹੀਨੇ ਲੈਕਚਰਾਰ ਟੈਸਟ ਪ੍ਰੀਖਿਆ ਮਿਤੀ 14-02-2016 ਤੋਂ 17-02-2016 ਤੱਕ, ਬਾਰਵੀਂ ਪ੍ਰੀਖਿਆ ਮਿਤੀ 20-02-2016, ਪੰਜਵੀਂ ਪ੍ਰੀਖਿਆ ਮਿਤੀ 27-02-2016, ਦਸਵੀਂ ਪ੍ਰੀਖਿਆ ਮਿਤੀ 04-03-2016 ਅਤੇ ਅਠਵੀਂ ਪ੍ਰੀਖਿਆ ਮਿਤੀ 08-03-2016 ਤੋਂ ਸ਼ੁਰੂ ਹੋ ਰਹੀਆਂ ਹਨ। ਇਹਨਾਂ ਪ੍ਰੀਖਿਆਵਾਂ ਵਿੱਚ ਜਿਹੜੇ ਵੀ ਕਰਮਚਾਰੀਆਂ ਦੀਆਂ ਡਿਊਟੀਆਂ ਇਸ ਦਫਤਰ ਵੱਲੋਂ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਆਪ ਨੂੰ ਪ੍ਰਾਪਤ ਹੋਈਆਂ ਹਨ। ਇਸ ਸਬੰਧੀ ਆਪ ਦੇ ਸਕੂਲ ਦੇ ਜਿਹੜੇ ਅਧਿਆਪਕਾਂ ਦੀਆਂ ਡਿਊਟੀਆਂ ਲੱਗੀਆਂ ਹੋਈਆਂ ਹਨ ਉਹਨਾਂ ਨੂੰ ਤੁਰੰਤ ਫਾਰਗ ਕਰਕੇ ਸਬੰਧਤ ਪ੍ਰੀਖਿਆ ਕੇਂਦਰਾਂ ਵਿੱਚ ਭੇਜਣ ਦੀ ਜਿੰਮੇਵਾਰੀ ਆਪ ਦੀ ਹੈ। ਡਿਊਟੀ ਵਿੱਚ ਕਿਸੇ ਕਿਸਮ ਦੀ ਰੱਦੋ ਬਦਲ ਨਾ ਕਰਨ ਦੇ ਵਿਭਾਗ ਵੱਲੋਂ ਸਖਤ ਆਦੇਸ਼ ਦਿੱਤੇ ਗਏ ਹਨ। ਡਿਊਟੀ ਵਾਲੇ ਕਰਮਚਾਰੀ ਦੀ ਕਿਸੇ ਕਿਸਮ ਦੀ ਛੁੱਟੀ ਜਾਂ ਸ਼ਟੇਸ਼ਨ ਲੀਵ ਮਨਜੂਰ ਨਾ ਕੀਤੀ ਜਾਵੇ। ਅਣਗਹਿਲੀ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।